USDA
ਫ਼ਾਰਮ ਸਰਵਿਸ ਏਜੰਸੀ
ਯੂਨਾਈਟੇਡ ਸਟੇਟ ਖੇਤੀਬਾੜੀ ਵਿਭਾਗ

# ਕਾਉਂਟੀ ਕਮੇਟੀ ਚੋਣਾਂ 2022



## ਸਾਰ

ਫਾਰਮ ਸਰਿਵਸ ਏਜਸੀ (FSA) ਕਾਉਂਟੀ ਕਮੇਟੀਆਂ FSA ਦੇ ਰੋਜ਼ਾਨਾ ਦੇ ਕਾਰਜਾਂ ਦਾ ਇੱਕ ਮਹਤੱਵਪੂਰਣ ਹਿੱਸਾ ਹਨ ਅਤੇ ਸਘੀ ਫਾਰਮ ਪ੍ਰੋਗਰਾਮਾਂ ਦੇ ਜ਼ਮੀਨੀ ਪੱਧਰ 'ਤੇ ਇਨਪੁਟ ਅਤੇ ਉਨ੍ਹਾਂ ਦਾ ਸਥਾਨਕ ਪ੍ਰਸ਼ਾਸਨ ਕਰਨ ਦੀ ਆਗਿਆ ਦਿੰਦੀਆਂ ਹਨ।

FSA ਕਾਉਂਟੀ ਕਮੇਟੀਆਂ 'ਤੇ ਸੇਵਾ ਕਰਨ ਲਈ ਚੁਣੇ ਗਏ ਕਿਸਾਨ ਅਤੇ ਪਸ਼ੂਪਾਲਕ, ਸਥਾਨਕ ਉਤਪਾਦਕਾਂ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋਏ, ਆਪਣੀਆਂ ਕਾਉਂਟੀਆਂ ਵਿੱਚ FSA ਪ੍ਰੋਗਰਾਮਾਂ ਦਾ ਪ੍ਰਬੰਧਨ ਕਰਨ ਲਈ ਲੋੜੀਂਦੇ ਫੈਸਿਲਆਂ ਵਿੱਚ ਮਦਦ ਕਰਨ ਲਈ ਆਪਣੇ ਨਿਰਣੇ ਅਤੇ ਗਿਆਨ ਦੀ ਵਰਤੋਂ ਕਰਦੇ ਹੋਏ ਅਰਜ਼ੀ ਦਿੰਦੇ ਹਨ। FSA ਕਾਉਂਟੀ ਕਮੇਟੀਆਂ ਅਧਿਕਾਰਤ ਸਘੀ ਨਿਯਮਾਂ ਦੇ ਅੰਦਰ ਕਮੰ ਕਰਦੀਆਂ ਹਨ ਅਤੇ ਸਥਾਨਕ ਇਨਪੁਟ ਪ੍ਰਦਾਨ ਕਰਦੀਆਂ ਹਨ:

- ਆਮਦਨ ਸੁਰੱਖਿਆ-ਨੈੱਟ ਕਰਜ਼ੇ ਅਤੇ ਭੁਗਤਾਨ, ਜਿਸ ਵਿੱਚ ਵਸਤੂਆਂ ਲਈ ਕਾਉਂਟੀ ਔਸਤ ਪੈਦਾਵਾਰ ਨਿਰਧਾਰਿਤ ਕਰਨਾ ਸ਼ਾਮਲ ਹੈ;
- ਸੰਭਾਲ ਪ੍ਰੋਗਰਾਮ;
- ਕੁਝ ਵਸਤੂਆਂ ਲਈ ਪ੍ਰੋਤਸਾਹਨ, ਮੁਆਵਜ਼ਾ ਅਤੇ ਤਬਾਹੀ ਭੁਗਤਾਨ;
- ਐਮਰਜੈਂਸੀ ਪ੍ਰੋਗਰਾਮ; ਅਤੇ
- ਭੁਗਤਾਨ ਯੋਗਤਾ।

ਹਰੇਕ ਯੋਗ ਖੇਤੀਬਾੜੀ ਉਤਪਾਦਕ ਨੂੰ FSA ਕਾਉਂਟੀ ਕਮੇਟੀ ਦੀਆਂ ਚੋਣਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ -ਚਾਹੇ ਤੁਸੀਂ ਸ਼ੁਰੂਆਤੀ ਜਾਂ ਸਥਾਪਿਤ ਉਤਪਾਦਕ ਹੋ, ਇਤਿਹਾਸਕ ਤੌਰ 'ਤੇ ਵਾਂਝੇ ਉਤਪਾਦਕ (ਘੱਟ ਗਿਣਤੀ ਅਤੇ ਔਰਤਾਂ) ਹੋਵੋ, ਜਾਂ ਭਾਵੇਂ ਤੁਹਾਡਾ ਕੋਈ ਵੱਡਾ ਜਾਂ ਛੋਟਾ ਕਮੰ ਹੋਵੇ-ਕਿਉਂਕਿ FSA ਕਾਉਂਟੀ ਕਮੇਟੀਆਂ U.S. ਖੇਤੀਬਾੜੀ ਵਿਭਾਗ (USDA) ਨਾਲ ਤੁਹਾਡਾ ਲਿੰਕ ਹੈ।

## ਚੋਣ ਦੀ ਮਿਆਦ

**15 ਜੂਨ 2022**
ਨਾਮਜ਼ਦਗੀ ਦੀ ਮਿਆਦ ਸ਼ੁਰੂ ਹੁੰਦੀ ਹੈ। ਸਥਾਨਕ FSA ਕਾਉਂਟੀ ਦਫਤਰ ਤੋਂ ਨਾਮਜ਼ਦਗੀ ਫਾਰਮਾਂ ਦੀ ਬੇਨਤੀ ਕਰੋ ਜਾਂ **fsa.usda.gov/ elections** 'ਤੇ ਇਨ੍ਹਾਂ ਨੂੰ ਔਨਲਾਈਨ ਪ੍ਰਾਪਤ ਕਰੋ।

**1 ਅਗਸਤ 2022**
ਸਥਾਨਕ FSA ਕਾਉਂਟੀ ਦਫਤਰ ਵਿੱਚ ਨਾਮਜ਼ਦਗੀ ਫਾਰਮ ਫਾਈਲ ਕਰਨ ਦਾ ਆਖਰੀ ਦਿਨ।

**7 ਨਵੰਬਰ 2022**
ਯੋਗ ਵੋਟਰਾਂ ਨੂੰ ਬੈਲਟ ਡਾਕ ਰਾਹੀਂ ਭੇਜੇ ਗਏ।

**5 ਦਸੰਬਰ 2022**
ਵੋਟ ਕੀਤੇ ਬੈਲਟ ਸਥਾਨਕ FSA ਕਾਉਂਟੀ ਦਫ਼ਤਰ ਨੂੰ ਵਾਪਸ ਕਰਨ ਦਾ ਆਖ਼ਰੀ ਦਿਨ।

**1 ਜਨਵਰੀ 2023**
ਨਵੀਂ ਚੁਣੀ ਗਈ ਕਾਉਂਟੀ ਕਮੇਟੀ ਦੇ ਸਦੱਸ ਅਹੁਦਾ ਸੰਭਾਲਦੇ ਹਨ।

## ਵੋਟ ਕੌਣ ਪਾ ਸਕਦਾ ਹੈ

ਕਾਨੂੰਨੀ ਰੂਪ ਵਿੱਚ ਵੋਟ ਦੇਣ ਦੀ ਉਮਰ ਵਾਲੇ ਖੇਤੀਬਾੜੀ ਉਤਪਾਦਕ ਵੋਟ ਪਾਉਣ ਦੇ ਯੋਗ ਹੋ ਸਕਦੇ ਹਨ ਜੇਕਰ ਉਹ ਕਿਸੇ ਵੀ FSA ਪ੍ਰੋਗਰਾਮ ਵਿੱਚ ਹਿੱਸਾ ਲੈਂਦੇ ਹਨ ਜਾਂ ਸਿਹਯੋਗ ਕਰਦੇ ਹਨ। ਇੱਕ ਸਿਹਯੋਗੀ ਉਤਪਾਦਕ ਉਹ ਵਿਅਕਤੀ ਹੁੰਦਾ ਹੈ ਜਿਸ ਨੇਆਪਣੀ ਖੇਤੀ ਜਾਂ ਪਸ਼ੂਪਾਲਣ ਦੇ ਕਾਰਜ(ਜਾਂ) ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੋਵੇ ਪਰ ਹੋ ਸਕਦਾ ਹੈ ਕਿ FSA ਪ੍ਰੋਗਰਾਮ ਲਾਭਾਂ ਨੂੰ ਲਾਗੂ ਨਾ ਕੀਤਾ ਹੋਵੇ ਜਾਂ ਪ੍ਰਾਪਤ ਨਾ ਕੀਤਾ ਹੋਵੇ। ਅਜਿਹਾ ਕੋਈ ਵਿਅਕਤੀ ਜੋ ਕਾਨੂੰਨੀ ਤੌਰ 'ਤੇ ਵੋਟ ਪਾਉਣ ਦੀ ਉਮਰ ਦਾ ਨਹੀਂ ਹੈ ਪਰ ਪੂਰੇ ਫਾਰਮ ਦੀ ਨਿਗਰਾਨੀ ਕਰਦਾ ਹੈ ਅਤੇ ਉਸ ਦਾ ਕਮੰ-ਕਾਜ ਸਭੰਾਲਦਾ ਹੈ, ਉਹ ਵੀ ਵੋਟ ਪਾਉਣ ਦੇ ਯੋਗ ਹੋ ਸਕਦਾ ਹੈ। ਖੇਤੀਬਾੜੀ ਵਾਲੀ ਜ਼ਮੀਨ ਰਖੱਣ ਵਾਲੇ ਅਮਰੀਕੀ ਭਾਰਤੀ ਜਨਜਾਤੀਆਂ ਦੇ ਸਦੱਸ ਵੋਟ ਪਾਉਣ ਦੇ ਯੋਗ ਹੁੰਦੇ ਹਨ ਜੇਕਰ ਉਹ ਵੋਟਿੰਗ ਦੀਆਂ ਲੋੜਾਂ ਨੂੰ ਪੂਰੀਆਂ ਕਰਦੇ ਹਨ। ਵੋਟਿੰਗ ਯੋਗਤਾ ਦੀਆਂ ਲੋੜਾਂ ਬਾਰੇ ਹੋਰ ਜਾਣਕਾਰੀ fsa.usda.gov/elections 'ਤੇ ਸਿਥਤ "FSA ਕਾਉਂਟੀ ਕਮੇਟੀ ਚੋਣਾਂ - ਵੋਟ ਪਾਉਣ ਅਤੇ ਕਾਉਂਟੀ ਕਮੇਟੀ ਸਦੱਸ ਵਜੋਂ ਦਫਤਰ ਸਭੰਾਲਣ ਦੀ ਯੋਗਤਾ" ਸਿਰਲੇਖ ਵਾਲੇ FSA ਤਥੱ ਪਤੱਰ ਵਿੱਚ ਮਿਲ ਸਕਦੀ ਹੈ। ਉਤਪਾਦਕ ਵਧੇਰੇ ਜਾਣਕਾਰੀ ਲਈ ਆਪਣੇ ਸਥਾਨਕ FSA ਕਾਉਂਟੀ ਦਫ਼ਤਰ ਨਾਲ ਸਪੰਰਕ ਕਰ ਸਕਦੇ ਹਨ। ਆਪਣੇ ਸਥਾਨਕ FSA ਕਾਉਂਟੀ ਦਫਤਰ ਦਾ ਪਤਾ ਲਗਾਉਣ ਲਈ, farmers.gov'ਤੇ ਜਾਓ।

## ਨਾਮਜ਼ਦਗੀਆਂ

ਖੇਤੀਬਾੜੀ ਉਤਪਾਦਕ ਜੋ ਕਿਸੇ FSA ਪ੍ਰੋਗਰਾਮ ਵਿੱਚ ਹਿੱਸਾ ਲੈਂਦੇ ਹਨ ਜਾਂ ਸਿਹਯੋਗ ਕਰਦੇ ਹਨ, ਕਾਉਂਟੀ ਦਫ਼ਤਰ ਲਈ ਉਮੀਦਵਾਰੀ ਲਈ ਨਾਮਜ਼ਦ ਕੀਤੇ ਜਾ ਸਕਦੇ ਹਨ। ਵਿਅਕਤੀ ਆਪਣੇ ਆਪ ਨੂੰ ਜਾਂ ਦੂਜਿਆਂ ਨੂੰ ਉਮੀਦਵਾਰ ਦੇ ਤੌਰ ਤੇ ਨਾਮਜ਼ਦ ਕਰ ਸਕਦੇ ਹਨ। ਇਸ ਤੋਂ ਇਲਾਵਾ, ਵਾਂਝੇ (ਘੱਟ ਗਿਣਤੀ ਅਤੇ ਔਰਤਾਂ) ਕਿਸਾਨਾਂ ਜਾਂ ਪਸ਼ੂਪਾਲਕਾਂ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਸਸੰਥਾਵਾਂ ਉਮੀਦਵਾਰਾਂ ਨੂੰ ਨਾਮਜ਼ਦ ਕਰ ਸਕਦੀਆਂ ਹਨ।

ਨਾਮਜ਼ਦ ਹੋਣ ਲਈ, ਯੋਗ ਵਿਅਕਤੀਆਂ ਨੂੰ ਲਾਜ਼ਮੀ ਰੂਪ ਵਿੱਚ ਨਾਮਜ਼ਦਗੀ ਫਾਰਮ FSA-669A 'ਤੇ ਦਸਤਖਤ ਕਰਨੇਚਾਹੀਦੇ ਹਨ। ਫਾਰਮ ਵਿੱਚ ਇੱਕ ਬਿਆਨ ਸ਼ਾਮਲ ਹੁੰਦਾ ਹੈ ਕਿ ਨਾਮਜ਼ਦ ਵਿਅਕਤੀ ਚੁਣੇ ਜਾਣ 'ਤੇ ਸੇਵਾ ਕਰਨ ਲਈ ਸਿਹਮਤ ਹੈ। ਨਾਮਜ਼ਦਗੀ ਫਾਰਮ FSA ਦਫਤਰ ਵਿੱਚ ਦਾਖਲ ਕੀਤੇ ਜਾਂਦੇ ਹਨ ਜੋ ਉਤਪਾਦਕ ਦੇ ਫਾਰਮ ਦੇ ਰਿਕਾਰਡ ਦਾ ਪ੍ਰਬੰਧਨ ਕਰਦਾ ਹੈ ਅਤੇ FSA ਕਾਉਂਟੀ ਦਫਤਰ ਵਿੱਚ ਜਾਂ fsa.usda.gov/elections'ਤੇ ਔਨਲਾਈਨ ਉਪਲੱਬਧ ਹੈ।

2022 ਚੋਣਾਂ ਲਈ ਸਾਰੇ ਨਾਮਜ਼ਦਗੀ ਫਾਰਮ 1 ਅਗਸਤ, 2022 ਤਕੱ ਸਥਾਨਕ FSA ਕਾਉਂਟੀ ਦਫ਼ਤਰ ਵਿੱਚ ਪੋਸਟਮਾਰਕ ਕੀਤੇ ਜਾਂ ਪ੍ਰਾਪਤ ਕੀਤੇ ਜਾਣੇ ਚਾਹੀਦੇ ਹਨ।



## ਵੋਟ ਪਾਉਣ ਤੋਂ ਖੁੰਝੋ ਨਾ

ਬੈਲਟ 7 ਨਵੰਬਰ, 2022 ਤੱਕ ਯੋਗ ਵੋਟਰਾਂ ਨੂੰ ਡਾਕ ਰਾਹੀਂ ਭੇਜ ਦਿੱਤੇ ਜਾਣਗੇ ਅਤੇ 5 ਦਸੰਬਰ, 2022 ਤੱਕ ਇਨ੍ਹਾਂ ਨੂੰ ਲਾਜ਼ਮੀ ਰੂਪ ਵਿੱਚ FSA ਕਾਉਂਟੀ ਦਫ਼ਤਰ ਵਿੱਚ ਵਾਪਸ ਕਰਨਾ ਚਾਹੀਦਾ ਹੈ ਜਾਂ ਪੋਸਟਮਾਰਕ ਕੀਤੇ ਜਾਣਾ ਚਾਹੀਦਾ ਹੈ। ਯੋਗ ਵੋਟਰਾਂ ਨੂੰ ਜੇਕਰ ਬੈਲਟ ਪ੍ਰਾਪਤ ਨਹੀਂ ਹੋਇਆ ਹੈ ਤਾਂ ਉਨ੍ਹਾਂ ਨੂੰ ਅਖੀਰਲੀ ਤਾਰੀਖ ਤੋਂ ਪਿਹਲਾਂ ਆਪਣੇ ਸਥਾਨਕ FSA ਕਾਉਂਟੀ ਦਫ਼ਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਇਕਸਾਰ ਦਿਸ਼ਾ-ਨਿਰਦੇਸ਼

USDA ਨੇਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਕਾਉਂਟੀ ਕਮੇਟੀ ਦੀਆਂ ਚੋਣਾਂ ਲਈ ਇਕਸਾਰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਕਿ FSA ਕਾਉਂਟੀ ਕਮੇਟੀਆਂ ਕਾਉਂਟੀ ਜਾਂ ਬਹੁ-ਕਾਉਂਟੀ ਅਧਿਕਾਰ ਖੇਤਰ ਦੇ ਖੇਤੀਬਾੜੀ ਉਤਪਾਦਕਾਂ, ਖਾਸ ਤੌਰ 'ਤੇ ਵਾਂਝੇ (ਘੱਟ ਗਿਣਤੀ ਅਤੇ ਔਰਤਾਂ) ਉਤਪਾਦਕਾਂ ਦੀ ਨਿਰਪੱਖ ਪ੍ਰਤੀਨਿਧਤਾ ਕਰਦੀਆਂ ਹਨ। ਟੀਚਾਬੱਧ ਵਾਂਝੇ ਉਤਪਾਦਕ ਅਫ਼ਰੀਕਨ-ਅਮਰੀਕਨ, ਅਮਰੀਕਨ ਭਾਰਤੀ ਜਾਂ ਅਲਾਸਕਾ ਮੂਲ ਨਿਵਾਸੀ, ਹਿਸਪੈਨਿਕ, ਏਸ਼ੀਅਨ ਅਮਰੀਕਨ ਅਤੇ ਨੇਟਿਵ ਹਵਾਈਅਨ ਜਾਂ ਹੋਰ ਪੈਸੀਫਿਕ ਆਈਲੈਂਡਰ ਹਨ। ਘੱਟ ਗਿਣਤੀ ਅਤੇ ਮਿਹਲਾ ਉਤਪਾਦਕਾਂ ਤੋਂ ਇਲਾਵਾ, USDA ਸ਼ੁਰੂਆਤੀ ਕਿਸਾਨਾਂ ਨੂੰ ਸਰਗਰਮੀ ਨਾਲ ਕਾਉਂਟੀ ਕਮੇਟੀ ਵਿੱਚ ਅਹੁਦੇ ਦੀ ਭਾਲ ਕਰਨ ਲਈ ਜ਼ੋਰਦਾਰ ਰੂਪ ਵਿੱਚ ਉਤਸ਼ਾਹਿਤ ਕਰਦਾ ਹੈ। ਦਿਸ਼ਾ-ਨਿਰਦੇਸ਼ FSA ਕਾਉਂਟੀ ਕਮੇਟੀ ਚੋਣ ਪ੍ਰਿਕਿਰਆ ਨੂੰ ਨਿਯੰਤ੍ਰਿਤ ਕਰਦੇ ਹਨ ਅਤੇ ਇਹਨਾਂ ਨੂੰ ਵਾਂਝੇ ਲੋਕਾਂ (ਘੱਟ ਗਿਣਤੀਆਂ ਅਤੇ ਔਰਤਾਂ) ਦੀ ਭਾਗੀਦਾਰੀ ਵਧਾਉਣ ਲਈ ਤਿਆਰ ਕੀਤਾ ਗਿਆ ਹੈ।

ਦਿਸ਼ਾ-ਨਿਰਦੇਸ਼ਾਂ ਵਿੱਚੋਂ ਕੁਝ ਹੇਠ ਦਿੱਤੇ ਗਏ ਹਨ:

- ਜੇਕਰ ਕੋਈ ਵੈਧ ਨਾਮਜ਼ਦਗੀ ਦਾਖਲ ਨਹੀਂ ਕੀਤੀ ਜਾਂਦੀ, ਤਾਂ ਖੇਤੀਬਾੜੀ ਸਕੱਤਰ ਬੈਲਟ 'ਤੇ ਪਾਏ ਜਾਣ ਲਈ ਦੋ ਵਿਅਕਤੀਆਂ ਤੱਕ ਨੂੰ ਨਾਮਜ਼ਦ ਕਰ ਸਕਦਾ ਹੈ।
- FSA ਕਾਉਂਟੀ ਕਮੇਟੀਆਂ ਉਹਨਾਂ ਦੀ ਕਾਉਂਟੀ ਜਾਂ ਬਹੁ-ਕਾਉਂਟੀਆਂ ਦੇ ਅਧਿਕਾਰ ਖੇਤਰਾਂ ਵਿੱਚ ਘੱਟ ਗਿਣਤੀ ਅਤੇ ਮਿਹਲਾ ਉਤਪਾਦਕਾਂ ਦੀ ਨਿਰਪੱਖ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਣ ਲਈ ਸਥਾਨਕ ਪ੍ਰਸ਼ਾਸਕੀ ਖੇਤਰ ਦੀਆਂ ਸੀਮਾਵਾਂ ਦੀ ਸਾਲਾਨਾ ਸਮੀਖਿਆ ਕਰਦੀਆਂ ਹਨ।
- FSA ਕਾਉਂਟੀ ਦਫ਼ਤਰ ਭਾਈਚਾਰਾ-ਅਧਾਰਿਤ ਸੰਗੋਠਨਾਂ ਦੇ ਨਾਲ ਸਾਂਝੇਦਾਰੀ ਦੇ ਵਿਕਾਸ ਸਮੇਤ, ਪਹੁੰਚ (ਆਊਟਰੀਚ) ਅਤੇ ਪ੍ਰਚਾਰ ਰਾਹੀਂ FSA ਕਾਉਂਟੀ ਕਮੇਟੀ ਚੋਣਾਂ ਲਈ ਸੰਭਾਵੀ ਨਾਮਜ਼ਦਾਂ ਵਜੋਂ ਘੱਟ ਗਿਣਤੀ ਅਤੇ ਮਿਹਲਾ ਕਿਸਾਨਾਂ ਅਤੇ ਪਸ਼ੂ ਪਾਲਕਾਂ ਵਜੋਂ ਪਛਾਣ ਕੀਤੇ ਗਏ ਯੋਗ ਉਮੀਦਵਾਰਾਂ ਦਾ ਪਤਾ ਲਗਾਉਂਦੇ ਹਨ ਅਤੇ ਉਨ੍ਹਾਂ ਦੀ ਭਰਤੀ ਕਰਦੇ ਹਨ।

ਦਿਸ਼ਾ-ਨਿਰਦੇਸ਼ FSA ਕਾਉਂਟੀ ਕਮੇਟੀ ਚੋਣ ਪੰਨੇ fsa.usda.gov/elections 'ਤੇ ਦਿੱਤੇ ਗਏ ਹਨ।

## ਨਿਯੁਕਤ ਕੀਤੇ ਗਏ ਵੋਟਿੰਗ ਸਦੱਸ

2002 ਦਾ ਫਾਰਮ ਸੁਰੱਖਿਆ ਅਤੇ ਦਿਹਾਤੀ ਨਿਵੇਸ਼ ਐਕਟ ਖੇਤੀਬਾੜੀ ਦੇ ਸਕੱਤਰ ਨੂੰ ਕਾਉਂਟੀ ਜਾਂ ਬਹੁ-ਕਾਉਂਟੀਆਂ ਦੇ ਅਧਿਕਾਰ ਖੇਤਰਾਂ ਵਿੱਚ FSA ਕਾਉਂਟੀ ਕਮੇਟੀਆਂ ਵਿੱਚ ਉਨ੍ਹਾਂ ਸਮੂਹਾਂ ਤੋਂ ਉਚਿਤ ਪ੍ਰਤੀਨਿਧਤਾ ਦੀ ਘਾਟ ਵਾਲੇ ਚੋਣ ਵਿਸ਼ੇਸ਼ ਅਧਿਕਾਰਾਂ ਦੇ ਨਾਲ ਟੀਚਾਬੱਧ ਵਾਂਝੇ ਕਮੇਟੀ ਸਦੱਸਾਂ ਨੂੰ ਨਿਯੁਕਤ ਕਰਨ ਦਾ ਅਧਿਕਾਰ ਪ੍ਰਦਾਨ ਕਰਦਾ ਹੈ। ਸਕੱਤਰੇਤ ਤੋਂ ਨਿਯੁਕਤ ਹੋਏ ਵਿਅਕਤੀ ਚੁਣੇ ਹੋਏ ਸਦੱਸਾਂ ਦਾ ਸਥਾਨ ਨਹੀਂ ਲੈਂਦੇ ਪਰ ਉਨ੍ਹਾਂ ਨੂੰ ਕਮੇਟੀ ਵਿੱਚ ਵੋਟਿੰਗ ਸਦੱਸਾਂ ਵਜੋਂ ਸ਼ਾਮਲ ਕਰਦੇ ਹਨ। ਗੈਰ-ਵੋਟਿੰਗ ਘੱਟ ਗਿਣਤੀ ਸਲਾਹਕਾਰ ਵਜੋਂ ਸੇਵਾ ਕਰਨ ਵਾਲੇ ਵਿਅਕਤੀਆਂ ਨੂੰ ਨਾਮਜ਼ਦਗੀ ਫਾਰਮ ਜਮ੍ਹਾਂ ਕਰਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਹ ਫਾਰਮ ਭਾਈਚਾਰਾਂ-ਆਧਾਰਿਤ ਸੰਸਥਾਵਾਂ ਤੋਂ ਵੀ ਸਵੀਕਾਰ ਕੀਤੇ ਜਾਂਦੇ ਹਨ ਜੋ ਟੀਚੇ ਵਾਲੇ ਘੱਟ ਸੇਵਾ ਵਾਲੇ ਉਤਪਾਦਕਾਂ ਦੀ ਪ੍ਰਤੀਨਿਧਤਾ ਕਰਦੇ ਹਨ। ਪ੍ਰਾਪਤ ਹੋਈਆਂ ਨਾਮਜ਼ਦਗੀਆਂ ਤੋਂ ਸਕੱਤਰ ਦੁਆਰਾ ਟੀਚਾਬੱਧ ਵਾਂਝੇ ਵੋਟਿੰਗ ਸਦੱਸਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ।

## ਸਲਾਹਕਾਰਾਂ ਦੀ ਭੂਮਿਕਾ

ਚੁਣੇ ਜਾਂ ਨਿਯੁਕਤ ਕੀਤੇ ਸਦੱਸਾਂ ਤੋਂ ਇਲਾਵਾ, FSA ਕਾਉਂਟੀ ਕਮੇਟੀਆਂ ਵਿੱਚ ਗੈਰ-ਵੋਟਿੰਗ ਘੱਟ ਗਿਣਤੀ ਸਲਾਹਕਾਰ ਵੀ ਸ਼ਾਮਲ ਹੋ ਸਕਦੇ ਹਨ। ਸਲਾਹਕਾਰਾਂ ਨੂੰ ਉਨ੍ਹਾਂ ਕਾਉਂਟੀਆਂ ਜਾਂ ਬਹੁ-ਕਾਉਂਟੀ ਅਧਿਕਾਰ ਖੇਤਰਾਂ ਵਿੱਚ ਕਾਉਂਟੀ ਕਮੇਟੀਆਂ ਲਈ ਚੁਣਿਆ ਜਾਂਦਾ ਹੈ ਜਿਨ੍ਹਾਂ ਵਿੱਚ ਬਹੁਤ ਸਾਰੇ ਵਾਂਝੇ (ਘੱਟ ਗਿਣਤੀ ਜਾਂ ਔਰਤਾਂ) ਉਤਪਾਦਕ ਹੁੰਦੇ ਹਨ ਪਰ FSA ਕਾਉਂਟੀ ਕਮੇਟੀਆਂ ਵਿੱਚ ਅਜਿਹੇ ਸਦੱਸਾਂ ਦੀ ਘਾਟ ਹੁੰਦੀ ਹੈ। ਸਲਾਹਕਾਰ ਕਈ ਤਰ੍ਹਾਂ ਦੇ ਦ੍ਰਿਸ਼ਟੀਕੋਣ ਪ੍ਰਦਾਨ ਕਰਕੇ ਅਤੇ ਕਾਉਂਟੀ ਕਮੇਟੀਆਂ ਦੁਆਰਾ ਲਏ ਗਏ ਫੈਸਿਲਆਂ ਵਿੱਚ ਵਾਂਿਝਆਂ (ਘੱਟ-ਗਿਣਤੀਆਂ ਅਤੇ ਔਰਤਾਂ) ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਕੇ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। FSA ਰਾਜ ਕਮੇਟੀਆਂ ਅਧਿਕਾਰਤ ਤੌਰ 'ਤੇ ਸਲਾਹਕਾਰ ਨਿਯੁਕਤ ਕਰਦੀਆਂ ਹਨ ਜਿਨ੍ਹਾਂ ਦੀ ਕਾਉਂਟੀ ਕਮੇਟੀਆਂ ਜਾਂ ਕਿਮਊਨਿਟੀ-ਆਧਾਰਿਤ ਸੰਸਥਾਵਾਂ ਦੁਆਰਾ ਸਿਫ਼ਾਰਸ਼ ਕੀਤੀ ਜਾਂਦੀ ਹੈ।

## ਹੋਰ ਜਾਣਕਾਰੀ ਲਈ

ਇਹ ਤੱਥ ਪੱਤਰ ਸਿਰਫ ਜਾਣਕਾਰੀ ਦੇ ਉਦੇਸ਼ਾਂ ਲਈ ਹੈ; ਹੋਰ ਪ੍ਰਤੀਬੰਧ ਵੀ ਲਾਗੂ ਹੋ ਸਕਦੇ ਹਨ। ਪ੍ਰੋਗਰਾਮ ਦੀਆਂ ਵਿਸ਼ੇਸ਼ਤਾਵਾਂ ਜਾਂ FSA ਕਾਉਂਟੀ ਕਮੇਟੀਆਂ ਬਾਰੇ ਵਾਧੂ ਜਾਣਕਾਰੀ ਲਈ, ਸਥਾਨਕ USDA ਸਰਿਵਸ ਸੈਂਟਰ ਜਾਂ FSA ਕਾਉਂਟੀ ਕਮੇਟੀ ਦੀ ਵੈੱਬਸਾਈਟ fsa.usda.gov/elections 'ਤੇ ਜਾਓ।

## ਆਪਣੇ ਸਥਾਨਕ USDA ਸੇਵਾ ਕੇਂਦਰ ਦਾ ਪਤਾ ਲਗਾਓ

ਆਪਣੇ ਸਥਾਨਕ USDA ਸੇਵਾ ਕੇਂਦਰ ਦਾ farmers.gov 'ਤੇ ਪਤਾ ਲਗਾਓ।



USDA ਬਰਾਬਰ ਦਾ ਮੌਕਾ ਪ੍ਰਦਾਨ ਕਰਨ ਵਾਲਾ ਪ੍ਰਦਾਤਾ, ਰੁਜ਼ਗਾਰਦਾਤਾ ਅਤੇ ਰਿਣਦਾਤਾ ਹੈ।